WCB FACTS 2024

# ਕਾਰੋਬਾਰ ਦੇ ਮਾਲਕਾਂ ਲਈ ਵਿਕਲਪਕ ਕਵਰੇਜ਼

ਮੈਨੀਟੋਬਾ ਵਿੱਚ ਬਹੁਤ ਸਾਰੇ ਵਰਕਰਾਂ ਕੋਲ ਵਰਕਰਜ਼ ਕੰਪਨਸੇਸ਼ਨ ਕਵਰੇਜ਼ ਹੁੰਦੀ ਹੈ ਇਹ ਸੁਨਿਸ਼ਚਿਤ ਕਰਨ ਲਈ ਕਿ, ਜੇਕਰ ਉਨ੍ਹਾਂ ਨੂੰ ਆਪਣੇ ਕੰਮ ਦੇ ਕਾਰਣ ਚੋਟ ਲੱਗਦੀ ਹੈ ਜਾਂ ਬਿਮਾਰ ਹੁੰਦੇ ਹਨ, ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਲੋੜ ਦੇ ਲਾਭ ਅਤੇ ਸੇਵਾਵਾਂ ਪ੍ਰਾਪਤ ਹੋਣ ਅਤੇ ਜਿੰਨੀ ਜਲਦੀ ਸੁਰੱਖਿਅਤ ਰੂਪ ਵਿਚ ਸੰਭਵ ਹੋਵੇ ਠੀਕ ਹੋਣ ਅਤੇ ਕੰਮ 'ਤੇ ਵਾਪਸੀ ਲਈ ਉਹਨਾਂ ਦੀ ਸਹਾਇਤਾ ਕੀਤੀ ਜਾਵੇ।

ਇੱਕ ਬਿਜ਼ਨੈਸ ਦਾ ਮਾਲਕ ਹੋਣ ਨਾਤੇ, ਤੁਹਾਨੂੰ ਆਪਣੇ ਕੰਮ ਦੇ ਸਥਾਨ ਤੇ ਲੱਗਣ ਵਾਲੀਆਂ ਚੋਟਾਂ ਜਾਂ ਬਿਮਾਰੀਆਂ ਲਈ ਕਵਰ ਨਹੀਂ ਕੀਤਾ ਜਾਂਦਾ ਹੈ ਜਦੋਂ ਤੱਕ ਤੁਸੀਂ ਕਰਮਚਾਰੀ ਮੁਆਵਜ਼ਾ ਬੋਰਡ ਮੈਨੀਟੋਬਾ (WCB) ਕੋਲੋਂ ਵਿਕਲਪਕ ਕਵਰੇਜ (ਪਹਿਲਾਂ ਵਿਅਕਤੀਗਤ ਕਵਰੇਜ਼ ਕਿਹਾ ਜਾਂਦਾ ਸੀ) ਖਰੀਦਣ ਦੀ ਚੋਣ ਨਹੀਂ ਕਰਦੇ ਹੋ।

ਭਾਵੇਂ ਤੁਸੀਂ ਆਪਣੀ ਵਿਕਲਪਕ ਕਵਰੇਜ ਖਰੀਦਦੇ ਹੋ ਜਾਂ ਨਹੀਂ, ਪਰ ਜੇ ਤੁਸੀਂ ਉਹਨਾਂ ਕਰਮਚਾਰੀਆਂ ਨੂੰ ਕੰਮ ਤੇ ਰੱਖਦੇ ਹੋ ਜਿਨ੍ਹਾਂ ਨੂੰ WCB ਰਾਹੀਂ ਬੀਮਾ-ਸੁਰੱਖਿਆ ਦਿੱਤੀ ਜਾਂਦੀ ਹੈ, ਤਾਂ ਤੁਹਾਨੂੰ ਮੈਨੀਟੋਬਾ ਵਿੱਚ ਹੋਣ ਵਾਲੀ ਸਵੀਕਾਰ-ਯੋਗ ਸੱਟ ਜਾਂ ਬਿਮਾਰੀ ਦੇ ਦਾਅਵੇ ਸਬੰਧੀ ਕਾਨੂੰਨੀ ਕਾਰਵਾਈ ਤੋਂ ਸੁਰੱਖਿਅਤ ਕੀਤਾ ਜਾਂਦਾ ਹੈ।

## ਵਿਕਲਪਕ ਕਵਰੇਜ ਕੀ ਹੈ?

ਵਿਕਲਪਕ ਕਵਰੇਜ ਕਰਮਚਾਰੀਆਂ ਲਈ ਚੋਣਵਾਂ ਮੁਆਵਜ਼ਾ ਬੀਮਾ ਹੈ ਜੋ ਏਕਲ ਪ੍ਰੋਪਰਾਇਟਰਾਂ, ਕਾਰੋਬਾਰੀ ਭਾਈਵਾਲਾਂ, ਕਾਰਪੋਰੇਸ਼ਨਾਂ ਦੇ ਡਾਇਰੈਕਟਰਾਂ, ਜਾਂ ਸਵੈ-ਰੁਜ਼ਗਾਰ ਵਿੱਚ ਲੱਗੇ ਵਿਅਕਤੀਆਂ (WCB ਦੁਆਰਾ ਨਿਰਧਾਰਤ ਕੀਤੇ) ਲਈ ਉਪਲਬਧ ਹੁੰਦਾ ਹੈ।

## ਮੈਂ ਕਿਹੜੇ ਫਾਇਦਿਆਂ ਦੇ ਯੋਗ ਹਾਂ?

ਵਿਕਲਪਕ ਕਵਰੇਜ਼ ਤੁਹਾਨੂੰ ਉਹੀ ਲਾਭ ਅਤੇ ਸੇਵਾਵਾਂ ਪ੍ਰਦਾਨ ਕਰਦੀ ਹੈ ਜੋ ਕੰਮ ਨਾਲ ਸੰਬੰਧਿਤ ਕੋਈ ਸੱਟ ਲੱਗਣ ਵਾਲੇ ਦੂਜੇ ਕਰਮਚਾਰੀਆਂ ਨੂੰ ਮਿਲਦੇ ਹਨ। ਉਹਨਾ ਲਾਭਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਸੰਬੰਧਿਤ ਮੈਡੀਕਲ ਖਰਚਿਆਂ ਦਾ ਭੁਗਤਾਨ
- ਯਾਤਰਾ ਦੇ ਖਰਚੇ
- ਮਜ਼ਦੂਰੀ ਦੇ ਨੁਕਸਾਨ ਦੇ ਫਾਇਦੇ
- ਸਥਾਈ ਵਿਕਲਾਂਗਤਾ ਅਵਾਰਡ
- ਵੋਕੇਸ਼ਨਲ ਰੀਹੈਬਿਲਿਟੇਸ਼ਨ
- ਜੇਕਰ ਕੋਈ ਸੱਟ ਘਾਤਕ ਹੈ ਤਾਂ ਨਿਰਭਰ ਵਿਅਕਤੀਆਂ ਲਈ ਲਾਭ।

**ਮੈਂ ਕਿਵੇਂ ਅਪਲਾਈ ਕਰਾਂ ਜਾਂ ਪਤਾ ਲਗਾਵਾਂ ਕਿ ਕੀ ਮੈਂ ਵਿਕਲਪਕ ਕਵਰੇਜ਼ ਖਰੀਦਣ ਦੇ ਯੋਗ ਹਾਂ?**

ਆਪਣੇ ਲਈ ਵਿਕਲਪਕ ਕਵਰੇਜ਼ ਪ੍ਰਾਪਤ ਕਰਨ ਲਈ, ਤੁਹਾਨੂੰ ਇਹ ਦਰਸਾਉਣ ਦੇ ਯੋਗ ਹੋਣਾ ਚਾਹੀਦਾ ਹੈ ਕਿ ਤੁਸੀਂ ਇੱਕ ਬਿਜ਼ਨੈਸ ਚਲਾਉਂਦੇ ਹੋ। WCB ਇਸ ਦੀ ਇੱਕ ਬਿਜ਼ਨੈਸ ਟੈਸਟ ਰਾਹੀਂ ਪੁਸ਼ਟੀ ਕਰੇਗੀ।

ਤੁਸੀਂ ਜਾਂ ਤੁਹਾਡਾ ਪ੍ਰਤਿਨਿਧ ਬਸ WCB ਅਸੈਸਮੈਂਟ ਸਰਵਿਸਿਜ਼ ਡਿਪਾਰਟਮੈਂਟ ਨਾਲ 204-954-4505 'ਤੇ ਜਾਂ ਕੈਨੇਡਾ ਅਤੇ ਅਮਰੀਕਾ ਵਿੱਚ ਟੋਲ ਫ੍ਰੀ 1-855-954-4321, ਐਕਸਟੈਨਸ਼ਨ 4505 'ਤੇ ਸੰਪਰਕ ਕਰ ਸਕਦੇ ਹੋ ਅਤੇ ਅਸੀਂ ਤੁਹਾਡੀ ਯੋਗਤਾ ਨਿਰਧਾਰਤ ਕਰਾਂਗੇ।

ਤੁਸੀਂ ਔਨਲਾਇਨ ਸਰਵਿਸਿਜ਼ ਵਿੱਚ WCB ਦੀ ਵੈਬਸਾਇਟ www.wcb.mb.ca ਰਾਹੀਂ ਉਪਲਬਧ ਸਾਡੇ ਔਨਲਾਇਨ ਇੰਪਲੌਇਰ ਰਜਿਸਟ੍ਰੇਸ਼ਨ ਅਨੁਰੋਧ ਸਿਸਟਮ ਦੀ ਵਰਤੋਂ ਵੀ ਕਰ ਸਕਦੇ ਹੋ।

ਜੇਕਰ ਤੁਹਾਡੇ ਕੋਲ ਪਹਿਲਾਂ ਵਰਕਰਜ਼ ਕਵਰੇਜ਼ ਲਈ WCB ਕੋਲ ਪਹਿਲਾਂ ਇੱਕ ਖਾਤਾ ਨਹੀਂ ਹੈ, ਤਾਂ ਤੁਹਾਨੂੰ ਆਪਣੇ ਬਿਜ਼ਨੈਸ ਦਾ ਨਾਮ, ਉਸਦਾ ਕੰਮਕਾਜੀ ਨਾਮ, ਸੰਪੂਰਣ ਸੰਪਰਕ ਜਾਣਕਾਰੀ, ਅਤੇ ਬਿਜ਼ਨੈਸ ਗਤੀਵਿਧੀਆਂ ਦਾ ਵਿਵਰਣ ਪ੍ਰਦਾਨ ਕਰਨ ਦੀ ਲੋੜ ਹੋਵੇਗੀ।

**ਵਿਕਲਪਕ ਕਵਰੇਜ਼ ਲਈ ਕਿੰਨੀ ਲਾਗਤ ਆਉਂਦੀ ਹੈ?**

ਵਿਕਲਪਕ ਕਵਰੇਜ਼ ਲਈ ਕਿਸ਼ਤ ਦੀ ਦਰ ਵਰਕਰਾਂ ਦੀ ਕਿਸ਼ਤ ਦੀ ਦਰ ਦੇ ਸਮਾਨ ਹੈ। ਇਹ ਦਰਦ ਉਸ ਕੰਮ ਲਈ ਵਰਗੀਕਰਣ ਦੇ ਆਧਾਰ 'ਤੇ ਅਤੇ ਤੁਹਾਡੇ ਪਿਛਲੇ ਕਲੇਮਾਂ ਦੀ ਲਾਗਤ ਦੇ ਅਨੁਭਵ ਅਨੁਸਾਰ ਬਦਲੇਗੀ ਜਿਸ ਵਿੱਚ ਤੁਸੀਂ ਸ਼ਾਮਿਲ ਹੁੰਦੇ ਹੋ।

ਹਰੇਕ ਉਦਯੋਗ ਦਾ ਇੱਕ ਉਦਯੋਗ ਵਰਗੀਕਰਨ ਅਤੇ ਦਰ ਹੁੰਦੀ ਹੈ ਜੋ WCB ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਵਿਕਲਪਕ ਕਵਰੇਜ ਦੇ ਖਰਚ ਦਾ ਹਿਸਾਬ ਤੁਹਾਡੇ ਦੁਆਰਾ ਖਰੀਦੀ ਕਵਰੇਜ ਦੀ ਰਕਮ ਨੂੰ ਤੁਹਾਡੀ ਉਦਯੋਗਿਕ ਦਰ ਨਾਲ ਗੁਣਾ ਕਰਕੇ ਅਤੇ ਫੇਰ 100 ਨਾਲ ਤਕਸੀਮ ਕਰਕੇ ਲਗਾਇਆ ਜਾਂਦਾ ਹੈ।

ਉਦਾਹਰਨ ਵਜੋਂ, ਜੇ ਤੁਹਾਡੀ ਉਦਯੋਗਿਕ ਦਰ $1.25 ਹੈ ਅਤੇ ਤੁਸੀਂ $30,000 ਦੀ ਕਵਰੇਜ ਖਰੀਦਦੇ ਹੋ, ਤਾਂ ਤੁਹਾਡੀ ਵਿਕਲਪਕ ਕਵਰੇਜ ਦਾ ਖਰਚ $375 ਹੋਵੇਗਾ। ਅਸੀਂ ਤੁਹਾਨੂੰ ਤੁਹਾਡੀ ਇੰਡਸਟਰੀ ਰੇਟ ਦੱਸਾਂਗੇ ਜਦੋਂ ਤੁਸੀਂ ਰਜਿਸਟਰ ਕਰਨ ਲਈ ਕਾਲ ਕਰਦੇ ਹੋ।

**ਮੈਨੂੰ ਕਿੰਨੀ ਕਵਰੇਜ਼ ਖਰੀਦਣੀ ਚਾਹੀਦੀ ਹੈ?**

ਹਰੇਕ ਸਾਲ WCB ਵਿਕਲਪਕ ਕਵਰੇਜ ਦੀ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਰਕਮ ਤੈਅ ਕਰਦਾ ਹੈ ਜੋ ਤੁਸੀਂ ਖਰੀਦ ਸਕਦੇ ਹੋ। 2024 ਲਈ, ਘੱਟੋ-ਘੱਟ ਰਕਮ $28,960 ਅਤੇ ਵੱਧ ਤੋਂ ਵੱਧ $160,510 ਹੈ।

ਕਵਰੇਜ਼ ਦੀ ਉਚਿਤ ਰਾਸ਼ੀ ਦੀ ਚੋਣ ਕਰਦੇ ਹੋਏ, ਤੁਹਾਨੂੰ ਆਪਣੀ ਆਮਦਨ ਦੇ ਪੱਧਰ ਅਤੇ ਆਪਣੀ ਕਵਰੇਜ਼ ਦੇ ਦੂਜੇ ਸਰੋਤਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਬਹੁਤ ਘੱਟ ਕਵਰੇਜ਼ ਖਰੀਦਣ ਦਾ ਭਾਵ ਹੋ ਸਕਦਾ ਹੈ ਕਿ ਤੁਹਾਡੇ ਲਾਭ ਕਾਫੀ ਨਹੀਂ ਹੋਣਗੇ। ਦੂਜੇ ਪਾਸੇ, ਉਸ ਨਾਲੋਂ ਵੱਧ ਕਵਰੇਜ਼ ਖਰੀਦਣ ਜਿਸਦੀ ਤੁਹਾਨੂੰ ਲੋੜ ਹੈ ਅਤੇ ਜਿਸਦੀ ਤੁਸੀਂ ਪੁਸ਼ਟੀ ਕਰ ਸਕਦੇ ਹੋ, ਤੋਂ ਭਾਵ ਹੋ ਸਕਦਾ ਹੈ ਤੁਸੀਂ ਲੋੜ ਤੋਂ ਵੱਧ ਪ੍ਰੀਮਿਅਮ ਦਾ ਭੁਗਤਾਨ ਕਰਦੇ ਹੋ। ਆਪਣਾ ਫੈਸਲਾ ਕਰਨ ਤੋਂ ਪਹਿਲਾਂ, ਤੁਸੀਂ ਆਪਣੇ ਵਿੱਤੀ ਐਡਵਾਇਜ਼ਰ ਜਾਂ ਪ੍ਰਾਈਵੇਟ ਇੰਸ਼ੁਰੈਂਸ ਕੈਰੀਅਰ ਨਾਲ ਸਲਾਹ ਕਰਨ ਦੀ ਇੱਛਾ ਕਰ ਸਕਦੇ ਹੋ।

**ਕੀ ਹੁੰਦਾ ਹੈ ਜੇਕਰ ਮੈਂ ਕਵਰੇਜ਼ ਦੇ ਨਿਊਨਤਮ ਲੈਵਲ ਦੀ ਖਰੀਦਦਾਰੀ ਕਰਦਾ ਹਾਂ?**

ਜੇਕਰ ਤੁਸੀਂ ਕਵਰੇਜ਼ ਦੇ ਨਿਊਨਤਮ ਲੈਵਲ ਦੀ ਖਰੀਦਦਾਰੀ ਕਰਦੇ ਹੋ ਅਤੇ ਤੁਸੀਂ ਕੰਮ ਨਾਲ ਸੰਬੰਧਿਤ ਚੋਟ ਜਾਂ ਬਿਮਾਰੀ ਕਾਰਣ ਰੋਜਾਨਾਂ ਦੇ ਬਿਜ਼ਨੈਸ ਅਪਰੇਸ਼ਨਾਂ ਵਿੱਚ ਭਾਗ ਲੈਣ ਦੇ ਅਯੋਗ ਹੁੰਦੇ ਹੋ, ਤਾਂ ਤੁਸੀਂ ਨਿਊਨਤਮ ਲੈਵਲ ਦੇ ਆਧਾਰ 'ਤੇ ਭੱਤਾ ਹਾਨੀ ਲਾਭਾਂ ਲਈ ਯੋਗ ਹੋਵੋਗੇ; ਜਿਆਦਾਤਰ ਹਾਲਾਤਾਂ ਵਿੱਚ ਤੁਹਾਨੂੰ ਆਪਣੀ ਕਮਾਈ ਨੂੰ ਸਬੂਤ ਦੇਣ ਦੀ ਲੋੜ ਨਹੀਂ ਪਵੇਗੀ।

**ਕੀ ਹੁੰਦਾ ਹੈ ਜੇਕਰ ਮੈਂ ਕਵਰੇਜ਼ ਦੀ ਨਿਊਨਤਮ ਲੈਵਲ ਨਾਲੋਂ ਵੱਧ ਖਰੀਦਦਾਰੀ ਕਰਦਾ ਹਾਂ?**

ਜੇਕਰ ਤੁਸੀਂ ਕਵਰੇਜ਼ ਦੇ ਨਿਊਨਤਮ ਪੱਧਰ ਤੋਂ ਵੱਧ ਖਰੀਦਦੇ ਹੋ, ਤਾਂ ਤੁਸੀਂ ਆਪਣੀ ਕਮਾਈ ਨੂੰ ਸਾਬਤ ਕਰਨ ਦੀ ਚੋਣ ਕਰ ਸਕਦੇ ਹੋ ਜਦੋਂ ਤੁਸੀਂ ਕਵਰੇਜ਼ ਦੀ ਖਰੀਦ/ਰਿਨਿਊ ਕਰਦੇ ਹੋ, ਜਾਂ ਤੁਸੀਂ ਆਪਣੀ ਕਮਾਈ ਨੂੰ ਸਾਬਤ ਕਰਨ ਦੀ ਚੋਣ ਕਰ ਸਕਦੇ ਹੋ ਜੇਕਰ ਤੁਸੀਂ ਮਜਦੂਰੀ ਸੰਬੰਧੀ ਹਾਨੀ ਦੇ ਲਾਭ ਲਈ ਇੱਕ ਦਾਅਵਾ ਕਰਦੇ ਹੋ।

ਕਿਰਪਾ ਕਰਕੇ ਧਿਆਨ ਵਿੱਚ ਰੱਖੋ ਕਿ, ਜੇਕਰ ਤੁਸੀਂ ਖਰੀਦ/ਰਿਨਿਊ ਦੇ ਸਮੇਂ 'ਤੇ ਆਪਣੀ ਕਮਾਈ ਨੂੰ ਸਿੱਧ ਨਾ ਕਰਨ ਦੀ ਚੋਣ ਕਰਦੇ ਹੋ ਅਤੇ ਫਿਰ ਤੁਹਾਨੂੰ ਕੰਮ ਨਾਲ ਸੰਬੰਧਿਤ ਸੱਟ ਲੱਗਦੀ ਹੈ ਜਾਂ ਬਿਮਾਰੀ ਹੁੰਦੀ ਹੈ, ਤਾਂ ਆਰੰਭ ਵਿੱਚ ਤੁਹਾਡੇ ਮਜਦੂਰੀ ਸੰਬੰਧੀ ਹਾਨੀ ਦੇ ਲਾਭ, ਕਵਰੇਜ਼ ਦੇ ਨਿਊਨਤਮ ਪੱਧਰ 'ਤੇ ਆਧਾਰਤ ਹੋਣਗੇ। WCB ਦੇ ਇੱਕ ਵਾਰ ਆਮਦਨੀਆਂ ਦੇ ਇੱਕ ਉੱਚੇ ਲੈਵਲ ਦਾ ਮੁਲਾਂਕਣ ਕਰਨ ਦੇ ਯੋਗ ਹੋਣ 'ਤੇ ਇਸ ਰਾਸ਼ੀ ਨੂੰ ਪਿਛਲੇ ਪਰਿਵਰਤਨ ਅਨੁਸਾਰ ਵਿਵਸਥਿਤ ਕੀਤਾ ਜਾਏਗਾ।

ਜੇਕਰ ਤੁਸੀਂ ਖਰੀਦ/ਨਵਿਆਉਣ ਦੇ ਸਮੇਂ 'ਤੇ ਆਪਣੀ ਕਮਾਈ ਨੂੰ ਸਾਬਿਤ ਕਰਨ ਦਾ ਫੈਸਲਾ ਕਰਦੇ ਹੋ, ਤਾਂ ਚਾਲੂ ਅਤੇ ਅਗਲੇ ਸਾਲ ਲਈ ਸਾਬਤ ਕੀਤੀ ਕਮਾਈ ਦਾ ਪੱਧਰ ਪ੍ਰਭਾਵੀ ਰਹੇਗਾ।

**ਮੈਂ ਆਪਣੀਆਂ ਆਮਦਨੀਆਂ ਨੂੰ ਕਿਵੇਂ ਸਾਬਿਤ ਕਰਾਂ?**

ਤੁਹਾਡੀਆਂ ਆਮਦਨੀਆਂ ਨੂੰ ਸਾਬਿਤ ਕਰਨ ਲਈ, WCB ਪਿਛਲੇ ਇੱਕ ਤੋਂ ਦੋ ਸਾਲਾਂ ਤੋਂ ਤੁਹਾਡੀਆਂ ਇਨਕਮ ਟੈਕਸ ਦੀਆਂ ਰਿਟਰਨਾਂ ਅਤੇ ਸਮਰੱਥਿਤ ਦਸਤਾਵੇਜ਼ਾਂ ਦੀ ਸਮੀਖਿਆ ਕਰਦੀ ਹੈ। WCB ਇਹ ਜਾਣਕਾਰੀ ਕੈਨੇਡਾ ਰੈਵਨਿਊ ਏਜੰਸੀ (CRA) ਜਾਂ ਇੱਕ ਚਾਰਟਰਡ ਪ੍ਰੋਫੈਸ਼ਨਲ ਅਕਾਊਂਟੈਂਟ ਜਾਂ ਟੈਕਸ ਤਿਆਰ ਕਰਨ ਵਾਲੇ ਕਿਸੇ ਹੋਰ ਸੁਤੰਤਰ ਸਰੋਤ ਤੋਂ ਪ੍ਰਾਪਤ ਕਰ ਸਕਦੀ ਹੈ। ਕਦੇ ਕਦਾਈਂ, WCB ਨੂੰ ਤੁਹਾਡੀਆਂ ਆਮਦਨੀਆਂ ਨੂੰ ਸਾਬਿਤ ਕਰਨ ਲਈ ਵਾਧੂ ਦਸਤਾਵੇਜ਼ਾਂ ਦੀ ਲੋੜ ਪੈ ਸਕਦੀ ਹੈ।

ਇੱਕ ਕਾਰਪੋਰੇਸ਼ਨ ਵਿੱਚ 50% ਦੀ ਵੱਧ ਮਾਲਕੀ ਵਾਲੇ ਨਿਰਦੇਸ਼ਕਾਂ ਲਈ ਆਮਦਨੀਆਂ ਨੂੰ ਸਾਬਿਤ ਕਰਨ ਲਈ WCB ਤੁਹਾਡੀ ਰਿਪੋਰਟ ਕੀਤੀ T4 ਆਮਦਨੀ ਵਿੱਚ ਸ਼ੁੱਧ ਬਿਜ਼ਨੈਸ ਆਮਦਨੀ ਅਤੇ ਕਮੀ/ਕਰਜੇ ਦੀ ਰਾਖਵੀਂ ਰਕਮ ਨੂੰ ਨਿਰਦੇਸ਼ਕ ਦੀ ਸ਼ੇਅਰਹੋਲਡਿੰਗ ਪ੍ਰਤੀਸ਼ੱਤਤਾ ਵਿੱਚ ਵਾਪਸ ਜੋੜਦੀ ਹੈ।

ਇੱਕ ਕਾਰਪੋਰੇਸ਼ਨ ਵਿੱਚ 50% ਦੀ ਮਾਲਕੀ ਨਾਲੋਂ ਘੱਟ ਵਾਲੇ ਨਿਰਦੇਸ਼ਕਾਂ ਲਈ ਆਮਦਨੀਆਂ ਨੂੰ ਸਾਬਿਤ ਕਰਨ ਲਈ, WCB ਕੇਵਲ ਰਿਪੋਰਟ ਕੀਤੀ T4 ਆਮਦਨੀ 'ਤੇ ਵਿਚਾਰ ਕਰਦੀ ਹੈ।

ਇਕੱਲੇ ਮਾਲਕਾਂ ਅਤੇ ਪਾਰਟਨਰਾਂ ਲਈ ਕਮਾਈ ਨੂੰ ਸਾਬਤ ਕਰਨ ਲਈ, WCB ਤੁਹਾਡੀ ਰਿਪੋਰਟ ਕੀਤੀ ਸ਼ੁੱਧ ਕਾਰੋਬਾਰੀ ਆਮਦਨ ਵਿੱਚ ਪੂੰਜੀ ਦੀ ਲਾਗਤ ਵਾਲਾ ਭੱਤਾ ਅਤੇ ਘਰੇਲੂ ਖਰਚਿਆਂ ਦੀ ਕਾਰੋਬਾਰੀ ਵਰਤੋਂ ਲਈ ਲਈਆਂ ਕਟੌਤੀਆਂ ਨੂੰ ਵਾਪਸ ਜੋੜਦੀ ਹੈ।

ਉਦਾਹਰਨ ਵਜੋਂ, ਜੇ ਤੁਸੀਂ ਇਕੱਲੇ ਮਾਲਕ ਹੋ ਅਤੇ ਤੁਹਾਡੀ ਇਨਕਮ ਟੈਕਸ ਰਿਟਰਨ 'ਤੇ $25,000 ਨੈੱਟ ਵਪਾਰ ਇਨਕਮ ਨੂੰ ਰਿਕਾਰਡ ਕਰਦੀ ਹੈ, ਇੱਕ ਪੂੰਜੀ ਲਾਗਤ ਭੱਤੇ ਦੀ $4,000 ਕਟੌਤੀ ਅਤੇ $1,000 ਦੀ ਘਰ ਖਰਚੇ ਦੇ ਇੱਕ ਵਪਾਰ ਪ੍ਰਯੋਗ ਦੀ ਕਟੌਤੀ ਹੁੰਦੀ ਹੈ, ਤਾਂ WCB ਤੁਹਾਡੀ ਆਮਦਨੀ ਦਾ $30,000 'ਤੇ ਪ੍ਰਮਾਣੀਕਰਨ ਕਰੇਗੀ।

**ਮੇਰੀ ਵਿਕਲਪਿਕ ਕਵਰੇਜ਼ ਕਦੋਂ ਪ੍ਰਭਾਵੀ ਹੁੰਦੀ ਹੈ?**

ਤੁਹਾਡੀ ਕਵਰੇਜ਼ ਤਦ ਲਾਗੂ ਹੋਵੇਗੀ ਜਦੋਂ ਤੁਹਾਡੀ ਅਰਜੀ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ ਅਤੇ ਤੁਹਾਡੀ ਕਵਰੇਜ਼ ਨੂੰ ਉਸੇ ਲੈਵਲ 'ਤੇ ਸਵੈਚਾਲਿਤ ਰੂਪ ਵਿੱਚ ਹਰੇਕ ਸਾਲ 1 ਜਨਵਰੀ ਨੂੰ ਰਿਨਿਊ ਕੀਤਾ ਜਾਏਗਾ ਜਿਸ ਲਈ ਤੁਸੀਂ ਅਪਲਾਈ ਕੀਤਾ ਸੀ। ਹਾਲਾਂਕਿ, ਜੇਕਰ ਤੁਸੀਂ ਕਵਰੇਜ ਦੇ ਨਿਊਨਤਮ ਪੱਧਰ ਨੂੰ ਖਰੀਦਿਆ ਹੈ, ਤਾਂ ਅਗਲੇ ਸਾਲ ਲਈ ਤੁਹਾਡੀ

ਕਵਰੇਜ ਨੂੰ ਕਵਰੇਜ ਦੇ ਨਵੇਂ ਨਿਊਨਤਮ ਪੱਧਰ 'ਤੇ ਨਵਿਆਇਆ ਜਾਵੇਗਾ। ਉਦਾਹਰਨ ਵਜੋਂ, ਜੇ ਤੁਸੀਂ 2023 ਲਈ ਨਿਊਨਤਮ ਪੱਧਰ ਦੀ ਕਵਰੇਜ ਖਰੀਦੀ ਹੈ ($27,670), ਜਦੋਂ 1 ਜਨਵਰੀ, 2024 ਨੂੰ ਤੁਹਾਡੀ ਕਵਰੇਜ ਰੀਨਿਊ ਕੀਤੀ ਜਾਂਦੀ ਹੈ, ਤਾਂ ਤੁਹਾਡਾ ਕਵਰੇਜ ਪੱਧਰ ਨਵੇਂ 2024 ਦੇ ਘੱਟੋ-ਘੱਟ ਪੱਧਰ $28,960 ਤੱਕ ਵਧਾ ਦਿੱਤਾ ਜਾਂਦਾ ਹੈ।

ਜੇਕਰ ਤੁਸੀਂ ਆਪਣੀ ਕਵਰੇਜ਼ ਨੂੰ ਰੱਦ ਕਰਨ ਜਾਂ ਉਸ ਕਵਰੇਜ਼ ਦੇ ਲੈਵਲ ਨੂੰ ਬਦਲਣ ਦੀ ਚੋਣ ਕਰਦੇ ਹੋ ਜੋ ਤੁਹਾਡੇ ਕੋਲ ਹੋਵੇ, ਤਾਂ ਤੁਹਾਨੂੰ ਹਰ ਸਾਲ ਦੇ 31 ਦਸੰਬਰ ਤੱਕ WCB ਨੂੰ ਸੂਚਿਤ ਕਰਨ ਦੀ ਲੋੜ ਹੁੰਦੀ ਹੈ।

## ਕਿੰਨੇ ਸਮੇਂ ਤੱਕ ਕਵਰੇਜ਼ ਪ੍ਰਭਾਵੀ ਰਹਿੰਦੀ ਹੈ?

ਵਿਕਲਪਕ ਕਵਰੇਜ ਤੁਹਾਡੇ ਦੁਆਰਾ ਕਵਰੇਜ ਰੱਦ ਕਰਨ ਤਕ ਪ੍ਰਭਾਵੀ ਰਹਿੰਦੀ ਹੈ ਜਾਂ ਜਦੋਂ ਤਕ WCB ਤੁਹਾਡੀ ਕਵਰੇਜ ਨੂੰ ਇਸ ਲਈ ਰੱਦ ਕਰਦੀ ਹੈ ਕਿਉਂਕਿ ਤੁਸੀਂ WCB ਦੀਆਂ ਰਿਪੋਰਟ ਕਰਨ ਜਾਂ ਭੁਗਤਾਨ ਸਬੰਧੀ ਲੋੜਾਂ ਦੀ ਪਾਲਣਾ ਨਹੀਂ ਕੀਤੀ ਸੀ।

## ਜੇਕਰ ਮੇਰੇ ਚੋਟ ਲੱਗਦੀ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਨੂੰ ਜਿੰਨੀ ਜਲਦੀ ਹੋ ਸਕੇ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ ਅਤੇ WCB ਨੂੰ ਆਪਣੀ ਸੱਟ ਜਾਂ ਬਿਮਾਰੀ ਦੀ ਰਿਪੋਰਟ ਕਰਨੀ ਚਾਹੀਦੀ ਹੈ। ਆਪਣੇ ਡਾਕਟਰ ਨੂੰ ਚੋਟ ਜਾਂ ਬਿਮਾਰੀ ਦੇ ਕੰਮ ਨਾਲ ਸੰਬੰਧਿਤ ਹੋਣਾ ਯਕੀਨੀ ਬਣਾਉਣਾ।

ਇੱਥੇ ਕੁਝ ਤਰੀਕੇ ਹਨ ਜਿਨ੍ਹਾਂ ਦੁਆਰਾ ਤੁਸੀਂ ਆਪਣੀ ਸੱਟ ਦੀ ਰਿਪੋਰਟ ਕਰ ਸਕਦੇ ਹੋ।

1. WCB ਦੇ ਕਲੇਮ ਸਰਵਿਸ ਸੈਂਟਰ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਸ਼ਾਮ 7:00 ਵਜੇ ਤੱਕ 204-954-4321 'ਤੇ ਕਾਲ ਕਰਕੇ ਜਾਂ ਕੈਨੇਡਾ ਅਤੇ ਅਮਰੀਕਾ ਵਿੱਚ 1-855-954-4321 'ਤੇ ਟੋਲ ਫ੍ਰੀ 'ਤੇ ਫ਼ੋਨ ਕਰਕੇ ਆਪਣੀ ਸੱਟ ਦੀ ਰਿਪੋਰਟ ਕਰੋ।
2. WCB ਦੀ ਵੈੱਬਸਾਈਟ https://www.wcb.mb.ca ਰਾਹੀਂ ਇੱਕ ਔਨਲਾਈਨ ਵਰਕਰ ਘਟਨਾ ਰਿਪੋਰਟ ਫਾਰਮ ਭਰੋ
3. ਵਰਕਰ ਘਟਨਾ ਦੀ ਰਿਪੋਰਟ ਦਾ ਕਾਗਜ਼ੀ ਸੰਸਕਰਣ ਪੂਰਾ ਕਰੋ ਅਤੇ ਡਾਕ ਰਾਹੀਂ ਭੇਜੋ ਜਾਂ WCB ਨੂੰ ਇਸ ਪਤੇ 'ਤੇ ਭੇਜੋ

   Workers Compensation Board of Manitoba
   333 Broadway
   Winnipeg, MB  R3C 4W3

**ਜੇ ਮੈਂ ਜ਼ਖਮੀ ਹੋ ਜਾਂਦਾ ਹਾਂ ਤਾਂ WCB ਮੇਰੇ ਮਜ਼ਦੂਰੀ ਦੇ ਨੁਕਸਾਨ ਦੇ ਲਾਭਾਂ ਨੂੰ ਕਿਵੇਂ ਨਿਰਧਾਰਤ ਕਰਦਾ ਹੈ?**

ਜੇ ਤੁਸੀਂ ਘੱਟੋ-ਘੱਟ ਕਵਰੇਜ ਖਰੀਦੀ ਹੈ ਤਾਂ ਤੁਹਾਡੇ ਤਨਖਾਹ ਦੇ ਨੁਕਸਾਨ ਦੇ ਲਾਭ $28,960 ਦੇ ਘੱਟੋ-ਘੱਟ ਕਵਰੇਜ ਪੱਧਰ 'ਤੇ ਅਧਾਰਤ ਹੋਣਗੇ। ਜੇਕਰ ਤੁਸੀਂ ਘੱਟੋ-ਘੱਟ ਕਵਰੇਜ ਤੋਂ ਵੱਧ ਕਵਰੇਜ ਖਰੀਦੀ ਅਤੇ ਆਪਣੀ ਕਵਰੇਜ ਖਰੀਦਣ ਜਾਂ ਨਵਿਆਉਣ ਵੇਲੇ ਆਪਣੀ ਕਮਾਈ ਨੂੰ ਪ੍ਰਮਾਣਿਤ ਨਹੀਂ ਕੀਤਾ, ਤਾਂ ਤੁਹਾਡੀ ਕੁੱਲ ਆਮਦਨੀ ਸ਼ੁਰੂ ਵਿੱਚ ਘੱਟੋ-ਘੱਟ ਕਵਰੇਜ ਪੱਧਰ 'ਤੇ ਅਧਾਰਤ ਹੋਵੇਗੀ। ਇੱਕ ਵਾਰ ਸਾਬਿਤ ਕਰ ਦਿੱਤੇ ਜਾਣ 'ਤੇ, ਮਜ਼ਦੂਰੀ ਦੇ ਨੁਕਸਾਨ ਦੇ ਲਾਭਾਂ ਦੀ ਮੁੜ ਗਣਨਾ ਕੀਤੀ ਜਾਵੇਗੀ ਅਤੇ ਇਸਨੂੰ ਤੁਹਾਡੀ ਸੱਟ ਜਾਂ ਬਿਮਾਰੀ ਦੀ ਮਿਤੀ 'ਤੇ ਪੂਰਵ ਪ੍ਰਭਾਵੀ ਸਮਾਯੋਜਿਤ ਕੀਤਾ ਜਾਵੇਗਾ।

WCB ਤੁਹਾਡੀ ਕੁੱਲ ਕਮਾਈ ਨੂੰ ਇਹਨਾਂ ਵਿੱਚੋਂ ਘੱਟ ਦੇ ਆਧਾਰ 'ਤੇ ਨਿਰਧਾਰਤ ਕਰਦਾ ਹੈ:

(1) ਕਵਰੇਜ਼ ਦਾ ਲੈਵਲ ਜੋ ਤੁਸੀਂ ਖਰੀਦੀ ਹੈ, ਜਾਂ
(2) ਆਮਦਨੀਆਂ ਦੀ ਰਾਸ਼ੀ ਜੋ ਤੁਸੀਂ ਪਿਛਲੇ ਸਾਲਾਂ ਵਿੱਚ ਕਮਾਈ ਸੀ ਉਸ ਦਾ WCB ਮੁਲਾਂਕਣ ਕਰ ਸਕਦੀ ਹੈ।

ਜੇਕਰ ਤੁਹਾਡੀਆਂ ਪ੍ਰਮਾਣਿਤ ਆਮਦਨੀਆਂ ਕਵਰੇਜ਼ ਦੇ ਨਿਊਨਤਮ ਲੈਵਲ ਨਾਲੋਂ ਘੱਟ ਹੁੰਦੀਆਂ ਹਨ, ਤਾਂ ਤੁਹਾਡੀਆਂ ਕੁੱਲ ਆਮਦਨੀਆਂ ਨਿਊਨਤਮ 'ਤੇ ਅਧਾਰਤ ਹੋਣਗੀਆਂ। ਤੁਹਾਡੇ ਮਜ਼ਦੂਰੀ ਦੇ ਨੁਕਸਾਨ ਦੇ ਲਾਭ ਦੀ ਰਕਮ ਦੀ ਗਣਨਾ ਫਿਰ ਕਈ ਕਾਰਕਾਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ, ਜਿਨ੍ਹਾਂ ਵਿੱਚ WCB ਦੁਆਰਾ ਸਥਾਪਿਤ ਤੁਹਾਡੀ ਕੁੱਲ ਕਮਾਈ, ਕੰਮ ਦੀਆਂ ਸਮਰੱਥਾਵਾਂ ਅਤੇ ਸੰਭਾਵਿਤ ਕਟੌਤੀਆਂ ਸ਼ਾਮਲ ਹਨ ਜੋ CRA ਦੁਆਰਾ ਲਾਗੂ ਕੀਤੀਆਂ ਜਾਣਗੀਆਂ। ਵਧੇਰੇ ਵਿਸਤ੍ਰਿਤ ਜਾਣਕਾਰੀ ਲਈ ਕਿਰਪਾ ਕਰਕੇ ਮਜ਼ਦੂਰੀ ਦੀ ਹਾਨੀ 'ਤੇ ਮਿਲਣ ਵਾਲੇ ਫਾਇਦੀਆਂ ਦਾ ਹਿਸਾਬ ਸਿਰਲੇਖ ਵਾਲੀ ਫੈਕਟ ਸ਼ੀਟ ਦੇਖੋ।

ਧਿਆਨ ਦਿਓ: ਜੇਕਰ ਆਮਦਨੀਆਂ ਦੀ ਮੁਲਾਂਕਣ ਕੀਤੀ ਰਾਸ਼ੀ ਉਸ ਕਵਰੇਜ਼ ਦੇ ਲੈਵਲ ਨਾਲੋਂ ਘੱਟ ਹੁੰਦੀ ਹੈ ਜੋ ਤੁਸੀਂ ਖਰੀਦੀ ਹੈ ਜਦੋਂ ਭੱਤਾ ਹਾਨੀ ਲਾਭਾਂ ਜਾਂ ਮੌਤ ਦੇ ਲਾਭਾਂ ਲਈ ਇੱਕ ਕਲੇਮ ਨੂੰ ਫਾਇਲ ਕੀਤਾ ਜਾਂਦਾ ਹੈ ਅਤੇ ਸਵੀਕਾਰ ਕੀਤਾ ਜਾਂਦਾ ਹੈ, ਤਾਂ ਤੁਸੀਂ ਭੁਗਤਾਨ ਕੀਤੀ ਕਿਸ਼ਤ ਅਤੇ ਨਿਊਨਤਮ ਕਿਸ਼ਤ ਦੀ ਰਾਸ਼ੀ ਅਨੁਸਾਰ ਪੁਸ਼ਟੀ ਕੀਤੀ ਘੱਟ ਆਮਦਨੀ ਦੇ ਆਧਾਰ 'ਤੇ ਭੁਗਤਾਨ ਕੀਤੀ ਰਾਸ਼ੀ ਵਿਚਕਾਰ ਫ਼ਰਕ ਦਾ ਭੁਗਤਾਨ ਕਰਨ ਲਈ ਕਹਿ ਸਕਦੇ ਹੋ।

**ਕੀ ਮੇਰੇ ਚੋਟ ਲੱਗਣ ਜਾਂ ਬਿਮਾਰੀ ਤੋਂ ਬਾਅਦ ਮੇਰੇ ਬਿਜ਼ਨੈਸ ਵਿੱਚ ਭਾਗ ਲੈਣ ਦੀ ਯੋਗਤਾ ਮੇਰੇ ਭੱਤਾ ਹਾਨੀ ਲਾਭਾਂ ਨੂੰ ਘਟਾਉਂਦੀ ਹੈ?**

ਹਾਂ। ਜੇਕਰ ਤੁਹਾਡੀਆਂ ਡਾਕਟਰੀ ਪਾਬੰਦੀਆਂ ਤੁਹਾਡੇ ਕਾਰੋਬਾਰ ਵਿੱਚ ਹਿੱਸਾ ਲੈਣ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਤ ਕਰਦੀਆਂ ਹਨ, ਤਾਂ ਤੁਹਾਡੇ ਅਤੇ ਨਿਰਣਾਇਕ ਜਾਂ ਕੇਸ ਮੈਨੇਜਰ ਵਿਚਕਾਰ ਇਹ ਨਿਰਧਾਰਿਤ ਕਰਨ ਲਈ ਚਰਚਾ

ਹੋਵੇਗੀ ਕਿ ਤੁਸੀਂ ਕਾਰੋਬਾਰ ਦੀਆਂ ਕਿੰਨਾ ਪ੍ਰਤਿਸ਼ਤ ਗਤੀਵਿਧੀਆਂ ਕਰਨ ਦੇ ਯੋਗ ਹੋ ਅਤੇ ਕੋਈ ਵੀ ਸੀਮਾਵਾਂ ਤੁਹਾਡੀ ਕਮਾਈ ਸਮਰੱਥਾ ਦੇ ਨੁਕਸਾਨ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ।

ਉਦਾਹਰਨ ਵਜੋਂ, ਜੇਕਰ ਤੁਹਾਡੀ ਕੰਮ ਨਾਲ ਸੰਬੰਧਤ ਸੱਟ ਜਾਂ ਬਿਮਾਰੀ ਤੁਹਾਨੂੰ ਤੁਹਾਡੀਆਂ ਵਪਾਰਕ ਗਤੀਵਿਧੀਆਂ ਦਾ ਸਿਰਫ਼ 40% ਕਰਨ ਦੀ ਇਜਾਜ਼ਤ ਦਿੰਦੀ ਹੈ, ਤਾਂ WCB ਇਸ ਪ੍ਰਤਿਸ਼ਤ ਦੀ ਵਰਤੋਂ ਤੁਹਾਡੀ ਕਮਾਈ ਸਮਰੱਥਾ 'ਤੇ ਪ੍ਰਭਾਵ ਨੂੰ ਦਰਸਾਉਣ ਲਈ ਕਰੇਗਾ। ਜੇਕਰ ਤੁਹਾਡੀ ਸਾਬਤ ਔਸਤ ਕਮਾਈ $30,000 'ਤੇ ਸਥਾਪਿਤ ਕੀਤੀ ਗਈ ਸੀ ਅਤੇ ਤੁਸੀਂ ਆਪਣੀਆਂ ਵਪਾਰਕ ਗਤੀਵਿਧੀਆਂ ਦਾ 40% ਕਰਨ ਦੇ ਯੋਗ ਹੋ, ਤਾਂ ਤੁਹਾਡੀ ਕਮਾਈ ਦੀ ਸਮਰੱਥਾ ਦਾ ਨੁਕਸਾਨ $30,000 ਦੇ 60% 'ਤੇ ਅਧਾਰਤ ਹੋਵੇਗਾ, ਜੋ ਕਿ $18,000 ਦੇ ਬਰਾਬਰ ਹੈ।

**ਭੱਤਾ ਹਾਨੀ ਲਾਭਾਂ ਦੀ ਪੁਸ਼ਟੀ ਕਿਵੇਂ ਕੀਤੀ ਜਾਂਦੀ ਹੈ, ਅਤੇ ਜੇਕਰ ਮੇਰੇ ਚੋਟ ਲੱਗਦੀ ਹੈ ਜਾਂ ਮੈਂ ਬਿਮਾਰ ਹੁੰਦਾ ਹਾਂ ਤਾਂ ਮੈਂ ਕਿੰਨੇ ਲਈ ਲਾਭ ਪਾਤਰ ਹੋਵਾਂਗਾ?**

ਤੁਹਾਨੂੰ ਮਜਦੂਰੀ ਸੰਬੰਧੀ ਨੁਕਸਾਨ ਦੇ ਲਾਭਾਂ ਵਿੱਚ ਕਿੰਨੀ ਰਾਸ਼ੀ ਮਿਲਦੀ ਹੈ, ਇਹ ਬਹੁਤ ਸਾਰੇ ਕਾਰਕਾਂ 'ਤੇ ਨਿਰਭਰ ਕਰਦਾ ਹੈ:

- ਡਾਕਟਰੀ ਪਾਬੰਦੀਆਂ ਅਤੇ ਤੁਹਾਡੇ ਕਾਰੋਬਾਰ ਵਿੱਚ ਹਿੱਸਾ ਲੈਣ ਦੀ ਤੁਹਾਡੀ ਯੋਗਤਾ 'ਤੇ ਇਹਨਾਂ ਦੇ ਪ੍ਰਭਾਵ ਦੇ ਆਧਾਰ 'ਤੇ ਤੁਹਾਡੀ ਕਮਾਈ ਦੀ ਸਮਰੱਥਾ ਦਾ ਨੁਕਸਾਨ
- ਵਿਕਲਪਿਕ ਕਵਰੇਜ ਦਾ ਨਿਊਨਤਮ ਪੱਧਰ (2024 ਵਿੱਚ $28,960)
- ਵਿਕਲਪਕ ਕਵਰੇਜ਼ ਦਾ ਲੈਵਲ ਜੋ ਤੁਸੀਂ ਖਰੀਦੀ ਹੈ
- ਤੁਹਾਡੀਆਂ ਪ੍ਰਮਾਣਿਤ ਆਮਦਨੀਆਂ
- ਉਸੇ ਸੱਟ ਜਾਂ ਬਿਮਾਰੀ ਵਾਸਤੇ ਤੁਹਾਨੂੰ ਪ੍ਰਾਪਤ ਹੋਣ ਵਾਲੇ ਕੋਈ ਹੋਰ ਤਨਖਾਹ ਬਦਲ ਦੇ ਲਾਭ, ਜਿੰਨ੍ਹਾਂ ਨੂੰ ਜਮਾਨਤੀ ਲਾਭਾਂ ਵਜੋਂ ਜਾਣਿਆ ਜਾਂਦਾ ਹੈ, ਜੋ ਤੁਹਾਡੇ WCB ਮਜਦੂਰੀ ਸੰਬੰਧੀ ਨੁਕਸਾਨ ਦੇ ਲਾਭਾਂ ਨੂੰ ਘਟਾ ਸਕਦੇ ਹਨ।

ਹਰੇਕ ਵਿਅਕਤੀ ਦੀਆਂ ਵਿਅਕਤੀਗਤ ਅਤੇ ਪ੍ਰੋਫੈਸ਼ਨਲ ਪ੍ਰਸਥਿਤੀਆਂ ਵੱਖ ਹੋ ਸਕਦੀਆਂ ਹਨ ਅਤੇ ਉਨ੍ਹਾਂ ਦੇ ਅਸਲ ਭੱਤਾ ਹਾਨੀ ਲਾਭਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। WCB ਤੁਹਾਡੀ ਮਜਦੂਰੀ ਸੰਬੰਧੀ ਨੁਕਸਾਨ ਦੇ ਲਾਭ ਦੀ ਦਰ 'ਤੇ ਪਹੁੰਚਣ ਲਈ ਤੁਹਾਡੀ ਸ਼ੁੱਧ ਕਮਾਈ ਦੀ ਗਣਨਾ ਨੂੰ ਲਾਗੂ ਕਰਦੀ ਹੈ। ਹੇਠਾਂ ਦਿੱਤੀ ਸਾਰਣੀ ਮਜਦੂਰੀ ਸੰਬੰਧੀ ਨੁਕਸਾਨ ਦੇ ਲਾਭਾਂ ਦੀਆਂ ਅਨੁਮਾਨਿਤ ਮੁੱਲਾਂ ਨੂੰ ਦਰਸਾਉਂਦੀ ਹੈ।

| **ਸਭ ਤੋਂ ਵੱਧ ਵਾਰ ਖਰੀਦੇ ਗਏ ਵਿਕਲਪਿਕ ਕਵਰੇਜ ਦੇ ਪੱਧਰ** | **ਸ਼ੁੱਧ ਆਮਦਨੀਆਂ ਦੇ 90% 'ਤੇ ਲਗਭੱਗ ਦੋ ਹਫ਼ਤੇ ਵਾਲੇ ਭੱਤਾ ਹਾਨੀ ਲਾਭ*** (ਇਕੱਲੇ ਵਿਅਕਤੀ ਲਈ ਗਿਣਿਆ ਜਾਂਦਾ ਹੈ, ਸਿਰਫ਼ ਨਿੱਜੀ ਟੈਕਸ ਕ੍ਰੈਡਿਟ ਦਾ ਦਾਅਵਾ ਕਰਦੇ ਹੋਏ) |
|---|---|
| $28,960 (ਘੱਟੋ-ਘੱਟ ਕਵਰੇਜ਼ ਪੱਧਰ) | $880 |
| $30,000 | $908 |
| $40,000 | $1,055 |
| $50,000 | $1,286 |
| $60,000 | $1,498 |
| $70,000 | $1,709 |
| $80,000 | $1,949 |
| $90,000 | $2,162 |
| $100,000 | $2,365 |

*ਜੇਕਰ ਤੁਹਾਡੀ ਕੁੱਲ ਆਮਦਨ ਘੱਟੋ ਘੱਟ ਸਲਾਨਾ ਆਮਦਨ ਤੋਂ ਘੱਟ ਜਾਂ ਉਸ ਦੇ ਬਰਾਬਰ ਹੈ, ਤਾਂ ਤੁਹਾਡੇ ਫਾਇਦੇ ਦਾ ਦਰ ਤੁਹਾਡੀ 100% ਕੁੱਲ ਕਮਾਈ ਹੋਵੇਗੀ।

ਸਾਰੀਆਂ ਕੈਲਕੂਲੇਸ਼ਨਾਂ ਵਿੱਚ ਇਸ ਗੱਲ 'ਤੇ ਵਿਚਾਰ ਕੀਤਾ ਜਾਂਦਾ ਹੈ ਕਿ ਬਿਜ਼ਨੈਸ ਮਾਲਕਾਂ ਨੂੰ ਇੰਪਲਾਇਮੈਂਟ ਇੰਸ਼ੁਰੈਂਸ (EI) ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੁੰਦੀ ਹੈ ਅਤੇ ਇਸ ਲਈ ਉਪਰੋਕਤ ਕੈਲਕੂਲੇਸ਼ਨਾਂ ਵਿੱਚ ਸੰਭਾਵਿਤ EI ਕਿਸ਼ਤਾਂ ਦੀ ਕਟੌਤੀ ਨੂੰ ਨਹੀਂ ਗਿਣਿਆ ਗਿਆ ਹੈ।

**ਕਿਰਪਾ ਕਰਕੇ ਨੋਟ ਕਰੋ:** ਕਾਰੋਬਾਰ ਮਾਲਕਾਂ ਲਈ ਮਜਦੂਰੀ ਸੰਬੰਧੀ ਨੁਕਸਾਨ ਦੇ ਲਾਭ ਕਾਰੋਬਾਰ ਚਲਾਉਣਾ ਜਾਰੀ ਰੱਖਣ ਲਈ ਮਾਲਕ ਦੀ ਯੋਗਤਾ 'ਤੇ ਆਧਾਰਤ ਹੁੰਦੇ ਹਨ। ਉਪਰੋਕਤ ਰਕਮ ਕਾਰੋਬਾਰ ਦੇ ਮਾਲਕ ਦੇ ਆਪਣੇ ਕਿਸੇ ਵੀ ਫਰਜ਼ ਨੂੰ ਕਰਨ ਵਿੱਚ ਅਸਮਰੱਥ ਹੋਣ 'ਤੇ ਅਧਾਰਤ ਹੈ ਜੋ ਉਨ੍ਹਾਂ ਨੇ ਸੱਟ ਜਾਂ ਬਿਮਾਰੀ ਤੋਂ ਪਹਿਲਾਂ ਕੀਤਾ ਸੀ। ਜੇਕਰ ਕਾਰੋਬਾਰ ਮਾਲਕ ਅਜੇ ਵੀ ਆਪਣੇ ਸੱਟ ਲੱਗਣ ਤੋਂ ਪਹਿਲਾਂ ਦੇ ਕੁੱਝ ਫਰਜ਼ ਨਿਭਾਉਣ ਦੇ ਯੋਗ ਹੁੰਦੇ ਹਨ, ਤਾਂ ਮਜਦੂਰੀ ਸੰਬੰਧੀ ਨੁਕਸਾਨ ਦੇ ਲਾਭ ਜੋ ਉਹ ਪ੍ਰਾਪਤ ਕਰਦੇ ਹਨ ਦੇ ਪੱਧਰ ਦੀ ਕਟੌਤੀ ਉਸ ਦੇ ਅਨੁਸਾਰ ਕੀਤੀ ਜਾਵੇਗੀ।

ਜੇਕਰ ਤੁਸੀਂ ਸਮਾਨ ਚੋਟ ਜਾਂ ਬਿਮਾਰੀ ਲਈ ਕਿਸੇ ਹੋਰ ਇੰਸ਼ੁਰੈਂਸ ਪ੍ਰਦਾਤਾ ਤੋਂ ਲਾਭ ਪ੍ਰਾਪਤ ਕਰਦੇ ਹੋ, ਇਨ੍ਹਾਂ ਭੁਗਤਾਨਾਂ ਨੂੰ ਸਮੂਹਿਕ ਲਾਭ ਮੰਨਿਆ ਜਾ ਸਕਦਾ ਹੈ ਅਤੇ ਇਸ ਨਾਲ WCB ਭੱਤਾ ਹਾਨੀ ਲਾਭ ਘੱਟ ਹੋ ਸਕਦੇ ਹਨ।

ਜੇਕਰ ਕੰਮ ਨਾਲ ਸੰਬੰਧਿਤ ਚੋਟ ਜਾਂ ਬਿਮਾਰੀ ਦੇ ਸਮੇਂ 'ਤੇ ਤੁਹਾਡੀ ਉਮਰ 61 ਸਾਲ ਜਾਂ ਇਸ ਤੋਂ ਵੱਧ ਹੈ, ਤਾਂ ਭੱਤਾ ਹਾਨੀ ਲਾਭਾਂ ਦਾ ਭੁਗਤਾਨ ਸੱਟ ਦੀ ਤਾਰੀਖ ਦੇ 48 ਮਹੀਨਿਆਂ ਤੋਂ ਬਾਅਦ ਨਹੀਂ ਕੀਤਾ ਜਾਏਗਾ।

**ਮੇਰੀ ਵਿਕਲਪਕ ਕਵਰੇਜ਼ ਕਦੋਂ ਐਕਟੀਵੇਟ ਹੁੰਦੀ ਹੈ?**

ਤੁਹਾਡੀ ਕਵਰੇਜ਼ ਤਦ ਲਾਗੂ ਹੋਵੇਗੀ ਜਦੋਂ ਤੁਹਾਡੀ ਅਰਜੀ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ ਅਤੇ ਤੁਹਾਡੀ ਕਵਰੇਜ਼ ਨੂੰ ਉਸੇ ਲੈਵਲ 'ਤੇ ਸਵੈਚਾਲਿਤ ਰੂਪ ਵਿੱਚ ਹਰੇਕ ਸਾਲ 1 ਜਨਵਰੀ ਨੂੰ ਰਿਨਿਊ ਕੀਤਾ ਜਾਏਗਾ ਜਿਸ ਲਈ ਤੁਸੀਂ ਅਪਲਾਈ ਕੀਤਾ ਸੀ। ਹਾਲਾਂਕਿ, ਜੇਕਰ ਤੁਸੀਂ ਕਵਰੇਜ ਦੇ ਨਿਊਨਤਮ ਪੱਧਰ ਨੂੰ ਖਰੀਦਿਆ ਹੈ, ਤਾਂ ਅਗਲੇ ਸਾਲ ਲਈ ਤੁਹਾਡੀ ਕਵਰੇਜ ਨੂੰ ਕਵਰੇਜ ਦੇ ਨਵੇਂ ਨਿਊਨਤਮ ਪੱਧਰ 'ਤੇ ਨਵਿਆਇਆ ਜਾਵੇਗਾ। ਉਦਾਹਰਨ ਵਜੋਂ, ਜੇ ਤੁਸੀਂ 2023 ਲਈ ਨਿਊਨਤਮ ਪੱਧਰ ਦੀ ਕਵਰੇਜ ਖਰੀਦੀ ਹੈ ($27,670), ਜਦੋਂ 1 ਜਨਵਰੀ, 2024 ਨੂੰ ਤੁਹਾਡੀ ਕਵਰੇਜ ਰੀਨਿਊ ਕੀਤੀ ਜਾਂਦੀ ਹੈ, ਤਾਂ ਤੁਹਾਡਾ ਕਵਰੇਜ ਪੱਧਰ ਨਵੇਂ 2024 ਦੇ ਘੱਟੋ-ਘੱਟ ਪੱਧਰ $28,960 ਤੱਕ ਵਧਾ ਦਿੱਤਾ ਜਾਂਦਾ ਹੈ।

ਜੇਕਰ ਤੁਸੀਂ ਆਪਣੀ ਕਵਰੇਜ਼ ਨੂੰ ਰੱਦ ਕਰਨ ਜਾਂ ਉਸ ਕਵਰੇਜ਼ ਦੇ ਲੈਵਲ ਨੂੰ ਬਦਲਣ ਦੀ ਚੋਣ ਕਰਦੇ ਹੋ ਜੋ ਤੁਹਾਡੇ ਕੋਲ ਹੋਵੇ, ਤਾਂ ਤੁਹਾਨੂੰ ਹਰ ਸਾਲ ਦੇ 31 ਦਸੰਬਰ ਤੱਕ WCB ਨੂੰ ਸੂਚਿਤ ਕਰਨ ਦੀ ਲੋੜ ਹੁੰਦੀ ਹੈ।

**ਕਿੰਨੇ ਸਮੇਂ ਤੱਕ ਕਵਰੇਜ਼ ਪ੍ਰਭਾਵੀ ਰਹਿੰਦੀ ਹੈ?**

ਵਿਕਲਪਕ ਕਵਰੇਜ ਤੁਹਾਡੇ ਦੁਆਰਾ ਕਵਰੇਜ ਰੱਦ ਕਰਨ ਤਕ ਪ੍ਰਭਾਵੀ ਰਹਿੰਦੀ ਹੈ ਜਾਂ ਜਦੋਂ ਤਕ WCB ਤੁਹਾਡੀ ਕਵਰੇਜ ਨੂੰ ਇਸ ਲਈ ਰੱਦ ਕਰਦੀ ਹੈ ਕਿਉਂਕਿ ਤੁਸੀਂ WCB ਦੀਆਂ ਰਿਪੋਰਟ ਕਰਨ ਜਾਂ ਭੁਗਤਾਨ ਸਬੰਧੀ ਲੋੜਾਂ ਦੀ ਪਾਲਣਾ ਨਹੀਂ ਕੀਤੀ ਸੀ।

**ਜੇਕਰ ਮੇਰੇ ਚੋਟ ਲੱਗਦੀ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**

ਤੁਹਾਨੂੰ ਜਿੰਨੀ ਜਲਦੀ ਹੋ ਸਕੇ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ ਅਤੇ WCB ਨੂੰ ਆਪਣੀ ਸੱਟ ਜਾਂ ਬਿਮਾਰੀ ਦੀ ਰਿਪੋਰਟ ਕਰਨੀ ਚਾਹੀਦੀ ਹੈ। ਆਪਣੇ ਡਾਕਟਰ ਨੂੰ ਚੋਟ ਜਾਂ ਬਿਮਾਰੀ ਦੇ ਕੰਮ ਨਾਲ ਸੰਬੰਧਿਤ ਹੋਣਾ ਯਕੀਨੀ ਬਣਾਉਣਾ।

ਇੱਥੇ ਕੁਝ ਤਰੀਕੇ ਹਨ ਜਿਨ੍ਹਾਂ ਦੁਆਰਾ ਤੁਸੀਂ ਆਪਣੀ ਸੱਟ ਦੀ ਰਿਪੋਰਟ ਕਰ ਸਕਦੇ ਹੋ।

1. WCB ਦੇ ਕਲੇਮ ਸਰਵਿਸ ਸੈਂਟਰ ਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਸ਼ਾਮ 7:00 ਵਜੇ ਤੱਕ 204-954-4321 'ਤੇ ਕਾਲ ਕਰਕੇ ਜਾਂ ਕੈਨੇਡਾ ਅਤੇ ਅਮਰੀਕਾ ਵਿੱਚ 1-855-954-4321 'ਤੇ ਟੋਲ ਫ੍ਰੀ 'ਤੇ ਫ਼ੋਨ ਕਰਕੇ ਆਪਣੀ ਸੱਟ ਦੀ ਰਿਪੋਰਟ ਕਰੋ।
2. WCB ਦੀ ਵੈੱਬਸਾਈਟ https://www.wcb.mb.ca ਰਾਹੀਂ ਇੱਕ ਔਨਲਾਈਨ ਵਰਕਰ ਘਟਨਾ ਰਿਪੋਰਟ ਫਾਰਮ ਭਰੋ
3. ਵਰਕਰ ਘਟਨਾ ਦੀ ਰਿਪੋਰਟ ਦਾ ਕਾਗਜ਼ੀ ਸੰਸਕਰਣ ਪੂਰਾ ਕਰੋ ਅਤੇ ਡਾਕ ਰਾਹੀਂ ਭੇਜੋ ਜਾਂ WCB ਨੂੰ ਇਸ ਪਤੇ 'ਤੇ ਭੇਜੋ

Workers Compensation Board of Manitoba
333 Broadway
Winnipeg, MB  R3C 4W3

**ਕੈਲਕੂਲੇਸ਼ਨ ਜਾਂ ਲਾਭਾਂ ਦੇ ਭੁਗਤਾਨ ਬਾਰੇ ਹੋਰ ਜਾਣਕਾਰੀ ਲਈ ਮੈਨੂੰ ਕਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ?**

ਜੇ ਤੁਹਾਡੇ ਕੋਲ ਕੰਮ ਦੇ ਸਥਾਨ 'ਤੇ ਲੱਗਣ ਵਾਲੀ ਸੱਟ ਤੋਂ ਬਾਅਦ ਮਿਲਣ ਵਾਲੇ ਲਾਭਾਂ ਦੀ ਗਣਨਾ ਜਾਂ ਭੁਗਤਾਨਾਂ ਜਾਂ ਕਮਾਈ ਦੇ ਪ੍ਰਮਾਣੀਕਰਨ ਦੇ ਬਾਰੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਸਾਡੇ ਕਲੇਮ ਸਰਵਿਸ ਸੈਂਟਰ ਨੂੰ 204-954-4321 ਜਾਂ ਟੋਲ ਫ੍ਰੀ 1-855-954-4321 'ਤੇ ਕਾਲ ਕਰੋ ਅਤੇ ਪੇਮੈਂਟ ਅਸੈੱਸਰ ਦੇ ਨਾਲ ਗੱਲ ਕਰਵਾਉਣ ਲਈ ਕਹੋ। ਤੁਸੀਂ ਸਾਨੂੰ ਇਸ ਪਤੇ 'ਤੇ ਵੀ ਲਿਖ ਸਕਦੇ ਹੋ:

Workers Compensation Board of Manitoba
Compensation Services
Attention: Payments Department
333 Broadway, Winnipeg, Manitoba  R3C 4W3

ਜੇਕਰ ਤੁਹਾਡੇ ਕੋਲ ਵਿਕਲਪਿਕ ਕਵਰੇਜ ਦੀ ਖਰੀਦ ਦੇ ਸੰਬੰਧ ਵਿੱਚ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਮੁਲਾਂਕਣ ਸੇਵਾਵਾਂ ਨੂੰ 204-954-4505 'ਤੇ ਕਾਲ ਕਰੋ ਜਾਂ ਕੈਨੇਡਾ ਅਤੇ ਅਮਰੀਕਾ ਵਿੱਚ 1-855-954-4321 'ਤੇ ਟੋਲ-ਫ੍ਰੀ, ਐਕਸਟੈਨਸ਼ਨ 4505 ਜਾਂ assessmentservices@wcb.mb.ca 'ਤੇ ਈਮੇਲ ਕਰੋ। ਤੁਸੀਂ 204-954-4900 'ਤੇ ਜਾਂ ਕੈਨੇਡਾ ਅਤੇ ਅਮਰੀਕਾ ਵਿੱਚ ਟੋਲ ਫ੍ਰੀ ਨੰਬਰ 1-866-245-0796 'ਤੇ ਫੈਕਸ ਭੇਜ ਸਕਦੇ ਹੋ ਜਾਂ ਤੁਸੀਂ ਇਸ ਪਤੇ 'ਤੇ ਲਿਖ ਸਕਦੇ ਹੋ:

Workers Compensation Board of Manitoba
Assessment Services
333 Broadway
Winnipeg, Manitoba  R3C 4W3

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਹ ਕਨੂੰਨੀ ਸਲਾਹ ਦੇ ਇਰਾਦੇ ਨਾਲ ਨਹੀਂ ਹੈ, ਅਤੇ ਇਸ 'ਤੇ ਇਸ ਵਜੋਂ ਭਰੋਸਾ ਨਹੀਂ ਕਰਨਾ ਚਾਹੀਦਾ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations) ਅਤੇ WCB* ਦੀਆਂ ਨੀਤੀਆਂ *ਦੇਖੋ।* ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca 'ਤੇ ਉਪਲਬਧ ਹਨ।